## ਸ਼ੇਖ਼ ਫ਼ਰੀਦ - ਸਬਦ ੧੧੫

## ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥

## ਸਲੋਕ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧੩੮੪

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
ਇਕਿ ਜਾਗੰਦੇ ਨਾ ਲਹਨਿ੍ ਇਕਨ੍ਾ ਸੁਤਿਆ ਦੇਇ ਉਠਾਲਿ ॥੧੧੩॥

**ਸਾਰ:** ਸਰਬਸਾਂਝੀਆਂ ਕੁਦਰਤ ਦੀਆਂ ਦਾਤਾਂ ਇਕ ਵੱਡੇ ਸਰੋਤ ਤੋਂ ਆਉਂਦੀਆਂ ਹਨ ਉਹ ਸਰੋਤ ਜੋ ਸਭ ਪਾਸੇ ਰਮਿਆ ਹੋਇਆ ਹੈ। ਇਹ ਦਾਤਾਂ ਸਾਡੀ ਮਲਕੀਅਤ ਨਹੀਂ, ਬਲਕਿ ਸਾਡੇ ਹਵਾਲੇ ਕੀਤੀਆਂ ਗਈਆਂ ਹਨ। ਇਹ ਸੋਚ ਸਾਨੂੰ ਇਹ ਸੋਚਣ ਲਈ ਪ੍ਰੇਰਿਤ ਕਰਦੀ ਹੈ ਕਿ ਅਸਲ ਵਿਚ ਕਿਹੜੀਆਂ ਵਸਤਾਂ ਸਾਡਾ ਸਾਥ ਦਿੰਦੀਆਂ ਹਨ ਅਤੇ ਕਿਹੜੀਆਂ ਛੱਡ ਜਾਂਦੀਆਂ ਹਨ। ਜਦੋਂ ਅਸੀਂ ਧਨ-ਸੰਪਦਾ ਤੋਂ ਧਿਆਨ ਹਟਾ ਕੇ ਜਾਗਰੂਕਤਾ ਵੱਲ ਮੋੜਦੇ ਹਾਂ, ਤਾਂ ਸਾਨੂੰ ਸਮਝ ਆਉਂਦੀ ਹੈ ਕਿ ਜੀਵਨ ਦਾ ਮੂਲ ਉਹ ਨਹੀਂ ਜੋ ਅਸੀਂ ਇਕੱਤਰ ਕਰਦੇ ਹਾਂ, ਸਗੋਂ ਉਹ ਹੈ ਜੋ ਅਸੀਂ ਆਪਣੇ ਅੰਦਰ ਪਾਲਦੇ ਹਾਂ। ਅਸਲ ਮਹੱਤਵ ਸਾਡੇ ਅਨੁਭਵਾਂ ਵਿਚ ਅਤੇ ਉਨ੍ਹਾਂ ਵਸਤਾਂ ਨਾਲ ਹੈ ਜਿਨ੍ਹਾਂ ਨਾਲ ਅਸੀਂ ਆਪਣੇ ਸੰਬੰਧ ਸਿਰਜਦੇ ਹਾਂ, ਜੋ ਸਾਡੇ ਜੀਵਨ ਨੂੰ ਛੂਹਦੀਆਂ ਹੋਈਆਂ ਸਾਡੇ ਅੰਦਰੋਂ ਵਹਿੰਦੀਆਂ ਹਨ।

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
ਸਰਬਸਾਂਝੀਆਂ ਦਾਤਾਂ ਉਸ ਦਾਤੇ ਤੋਂ ਆਉਂਦੀਆਂ ਹਨ ਜੋ ਸਰਵ-ਵਿਆਪਕ ਚੇਤਨਾ ਹੈ। ਸਾਡੇ ਨਾਲ ਅਸਲ ਵਿਚ ਕੀ ਜਾ ਸਕਦਾ ਹੈ? ਇਹ ਪੜਚੋਲ ਪ੍ਰਗਟ ਕਰਦੀ ਹੈ ਕਿ ਜੀਵਨ ਦਾ ਅਰਥ ਮਲਕੀਅਤ ਦਾ ਦਾਅਵਾ ਕਰਨ ਵਿਚ ਨਹੀਂ, ਬਲਕਿ ਇਸ ਤੱਥ ਵਿਚ ਹੈ ਕਿ ਅਸੀਂ ਆਪਣੇ ਅਨੁਭਵਾਂ ਨਾਲ ਕਿੰਨੀ ਸੁਚੇਤਤਾ ਨਾਲ ਜੁੜਦੇ ਹਾਂ।

ਇਕਿ ਜਾਗੰਦੇ ਨਾ ਲਹਨਿ੍ ਇਕਨ੍ਾ ਸੁਤਿਆ ਦੇਇ ਉਠਾਲਿ ॥੧੧੩॥
ਕੁਝ ਸੁਚੇਤ ਰਹਿੰਦੇ ਹੋਏ ਵੀ ਕੁਝ ਹਾਸਲ ਨਹੀਂ ਕਰਦੇ, ਜਦੋਂ ਕਿ ਕੁਝ ਗੂੜੀ ਨੀਂਦ ਵਿਚੋਂ ਜਾਗ ਬਹੁਤ ਕੁਝ ਪ੍ਰਾਪਤ ਕਰ ਲੈਂਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਅਸਲ ਸੂਝ ਸਿੱਧੀ ਲਕੀਰ ਵਾਂਗ ਨਹੀਂ ਪ੍ਰਾਪਤ ਹੁੰਦੀ; ਕਈ ਵਾਰ ਗਿਆਨ ਹੋਣ ਦੇ ਬਾਵਜੂਦ ਅਹੰਕਾਰ ਕਾਰਨ ਕੁਝ ਹਾਸਲ ਨਹੀਂ ਹੁੰਦਾ, ਜਦਕਿ

ਨਿਮਰਤਾ ਨਾਲ ਰਹਿਣ ਵਾਲੇ ਬਿਨਾਂ ਵੱਡੇ ਗਿਆਨ ਦੇ ਵੀ ਗੂੜ੍ਹ ਸੂਝ ਪ੍ਰਾਪਤ ਕਰ ਲੈਂਦੇ ਹਨ। (੧੧੩)

**ਤੱਤ:** ਗੁਰੂ ਨਾਨਕ ਉਸ ਗੂੜ੍ਹ ਸੱਚਾਈ ਨੂੰ ਪ੍ਰਗਟ ਕਰਦੇ ਹਨ, ਜਿਸਦੀ ਗੂੰਜ ਸ਼ੇਖ ਫ਼ਰੀਦ ਦੀ ਬਾਣੀ ਵਿਚ ਵੀ ਸੁਣਾਈ ਦਿੰਦੀ ਹੈ, ਕਈ ਬਾਹਰੋਂ ਸੁਚੇਤ ਦਿੱਸਦੇ ਹੋਏ ਵੀ ਅਸਲ ਸੂਝ ਤੋਂ ਵਾਂਝੇ ਰਹਿੰਦੇ ਹਨ, ਜਦਕਿ ਕੁਝ ਅੰਤਰੀਵੀ ਗੂੜ੍ਹ ਨੀਂਦ ਤੋਂ ਜਾਗ ਕੇ ਅਚਾਨਕ ਅਣਕਿਆਸੀ ਸੂਝ ਪ੍ਰਾਪਤ ਕਰ ਲੈਂਦੇ ਹਨ। ਅਨੁਭਵ ਕਿਸੇ ਨਿਰਧਾਰਿਤ ਮਾਰਗ ਦੀ ਪੈਰਵਾਈ ਨਹੀਂ ਕਰਦਾ; ਅਸੀਂ ਬੌਧਿਕ ਤੌਰ ‘ਤੇ ਸੁਚੇਤ ਹੁੰਦੇ ਹੋਏ ਵੀ, ਆਪਣੀ ਹਉਮੈਂ ਕਾਰਣ ਖੜੋਤ ਵਿਚ ਆ ਸਕਦੇ ਹਾਂ। ਇਸਦੇ ਉਲਟ, ਕਈ ਬਾਹਰੋਂ ਸਧਾਰਣ ਜਾਂ ਅਣਜਾਣ ਦਿੱਸਦੇ ਹੋਏ ਵੀ, ਨਿਮਰ ਮਨੋਬਿਰਤੀ ਕਾਰਣ ਸੂਝ ਰੂਪੀ ਫੁੱਲ ਦੀ ਤਰ੍ਹਾਂ ਖਿੜ੍ਹ ਸਕਦੇ ਹਨ। ਇਸ ਲਈ ਬਿਬੇਕ ਦਾ ਉਦਭਵ ਸਿਰਫ਼ ਮਿਹਨਤ ਜਾਂ ਜਾਣਕਾਰੀ ਕਾਰਣ ਨਹੀਂ ਹੁੰਦਾ; ਇਹ ਤਾਂ ਸਾਡੀ ਅੰਤਰੀਵੀ ਅਵਸਥਾ ਵਿਚੋਂ ਵਿਗਸਦਾ ਹੈ, ਜਿਸ ਦਾ ਭਾਵ ਹੈ ਕਿ ਜਿਹੜਾ ਦਰ ਨਿਮਰਤਾ ਖੋਲ ਸਕਦੀ ਹੈ ਅਹੰਕਾਰ ਉਸ ਬਾਰੇ ਸੋਚ ਵੀ ਨਹੀਂ ਸਕਦਾ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** **OnenessInDiversity.com**

**ਈਮੇਲ: onenessindiversityfoundation@gmail.com**